# ਪ੍ਰਭ ਮੇਰੇ ਓਇ ਬੈਰਾਗੀ ਤਿਆਗੀ

ਰਾਗੁ ਮਲਾਰ ਮਹਲਾ ੫ ਦੁਪਦੇ ਘਰੁ ੧

ੴ ਸਤਿ ਗੁਰ ਪ੍ਰਸਾਦਿ ॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਮਲਾਰ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਇਸ ਦੇ 'ਰਹਾਉ' ਦੇ ਪਦੇ ਨੂੰ ਛੱਡ ਕੇ, ਦੋ ਪਦੇ ਹਨ। ਇਸ ਸ਼ਬਦ ਨੂੰ ਪਹਿਲੇ ਘਰ ਵਿਚ ਗਾਉਣ ਦੀ ਹਦਾਇਤ ਹੈ । ਸ਼ਬਦ ਦੇ ਅਰੰਭ ਵਿਚ ਮੰਗਲਾਚਰਣ ਦਾ ਸੰਖਿਪਤ ਸਰੂਪ ਦਰਜ ਕੀਤਾ ਗਿਆ ਹੈ, ਪ੍ਰਭੂ ਦਾ ਮੰਗਲ ਗਾਨ ਕੀਤਾ ਗਿਆ ਹੈ। ਇਹ ਸ਼ਬਦ ੧੨੬੭ ਅੰਕ ਤੇ ਸੁਭਾਇਮਾਨ ਹੈ।

ਪ੍ਰਭ ਮੇਰੇ ਓਇ ਬੈਰਾਗੀ ਤਿਆਗੀ॥
ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ
ਪ੍ਰੀਤਿ ਹਮਾਰੀ ਲਾਗੀ॥੧॥ਰਹਾਉ॥

-- **ਹੇ ਮੇਰੇ ਪ੍ਰਭੂ ! ਜਿਸ ਸਾਧੂ ਨਾਲ ਮੇਰੀ ਪ੍ਰੀਤ ਲਗੀ ਹੈ ਉਹ ਮੋਹ-ਮਾਇਆ ਦੀ ਖਿਚ ਤੋਂ ਪਰ੍ਹਾਂ ਹੈ ਅਤੀਤ ਹੈ ਅਤੇ ਮਨ ਤੋਂ ਇਸ ਦਾ ਤਿਆਗੀ ਹੈ। ਮੋਹ-ਮਾਇਕ ਖਿਚਾਂ ਉਸ ਨੂੰ ਨਹੀਂ ਪੋਂਹਦੀਆਂ।**

ਜਿਸ ਸਾਧੂ ਦੀ ਮੈਂ ਸੰਗਤਿ ਕੀਤੀ ਹੈ ਉਹ ਬਿਲਕੁਲ ਮਾਇਆ ਦੀ ਪਕੜ ਤੋਂ ਅਤੀਤ ਹੈ। ਉਸ ਦਾ ਕਿਸੇ ਵਸਤੂ ਪਦਾਰਥ ਧਨ ਰਿਸ਼ਤੇ ਮਨੁਖ ਆਦਿ ਨਾਲ ਮੋਹ ਨਹੀਂ। ਉਹ ਮਨ ਤੋਂ ਤਿਆਗੀ ਹੈ। ਨਵੇਂ, ਓਪਰੇ ਮਨੁਖ ਨੂੰ, ਭਾਵੇਂ, ਓਪਰੀ ਅੱਖ ਨਾਲ ਵੇਖਿਆਂ, ਉਹ ਗ੍ਰਿਹਸਤ ਅਤੇ ਮਾਇਆ ਵਿਚ ਖੇਡਦਾ ਪਰਤੀਤ ਹੋਵੇ ਪਰ ਉਸ ਦੀ ਅਸਲ ਬਿਰਤੀ ਸਾਈਂ ਨਾਲ ਜੁੜੀ ਹੈ। ਇਸੇ ਤਰ੍ਹਾਂ ਦੇ ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ, **ਜ਼ਿੰਦਗ਼ੀਨਾਮਾ** ਵਿਚ, ਸਾਧੂ ਦੇ ਲਛਣ ਦਸੇ ਹਨ - 'ਸੰਤ ਵੇਖਣ ਵਿਚ ਦੁਨੀਆਂਦਾਰ ਦਿਸਦੇ ਹਨ ਪਰ ਅਸਲ ਵਿਚ ਉਹ ਦੁਨੀਆਂ ਤੋਂ ਨਿਰਲੇਪ ਹਨ, ਉਹ ਤਾਂ ਅਕਾਲੀ ਜੋਤਿ ਨੂੰ ਪ੍ਰਗਟ ਪਹਾਰੇ ਵੇਖਦੇ ਹਨ। ਵੇਖਣ ਵਿਚ ਉਹ ਪੁਤਰ ਕਲੱਤਰ ਵਿਚ ਫ਼ਸੇ ਹੋਏ ਹਨ ਪਰ ਅਸਲ ਵਿਚ ਉਨ੍ਹਾਂ ਦਾ ਪੱਕਾ ਰਿਸ਼ਤਾ ਸਾਈਂ ਨਾਲ ਹੈ। ਵੇਖਣ ਵਿਚ ਉਹ ਊਠ ਘੋੜਿਆਂ ਦੇ ਵਪਾਰ ਵਿਚ ਰੁਝੇ ਹੋਏ ਹਨ ਪਰ ਅਸਲ ਵਿਚ ਉਹ ਦੁਨੀਆਂ ਦੇ ਰੌਲੇ ਗੌਲੇ ਤੋਂ ਉਪਰ ਹਨ। ਲੋਕ ਪਰਲੋਕ ਉਨ੍ਹਾਂ ਸੰਤਾਂ ਦੇ ਹੁਕਮ ਵਿਚ ਚਲਦਾ ਹੈ। ਗਿਆਨਵਾਨ ਸੰਤਾਂ ਤੋਂ ਬਿਨਾਂ ਇਸ ਭੇਦ ਦਾ ਕਿਸੇ ਨੂੰ ਪਤਾ ਨਹੀਂ ਲਗਦਾ....।' ਇਤਿਆਦਿ

-- **ਮੇਰੀ ਉਸ ਨਾਲ ਇਤਨੀ ਪ੍ਰੀਤ ਲਗ ਗਈ ਹੈ ਕਿ ਮੈਂ ਇਕ ਖਿਨ ਲਈ ਵੀ, ਉਸ ਤੋਂ ਬਿਨਾਂ ਨਹੀਂ ਰਹਿ ਸਕਦੀ।੧।ਰਹਾਉ।**

ਸ੍ਰੀ ਗੁਰੂ ਰਾਮਦਾਸ ਸਾਹਿਬ, ਅੰਕ ੯੪ ਤੇ, ਫ਼ੁਰਮਾਣ ਕਰਦੇ ਹਨ ਕਿ ਮੈਂ ਸਾਧੂ ਪ੍ਰੀਤਮ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ, ਉਸ ਦੇ ਵਿਛੋੜੇ ਵਿਚ ਮੇਰੇ ਨੈਣਾਂ ਵਿਚੋਂ ਨੀਰ ਵਗ ਰਿਹਾ ਹੈ - 'ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥' ਪਾਤਸ਼ਾਹ, ੧੩੨੪ ਅੰਕ ਤੇ ਫ਼ੁਰਮਾਣ ਕਰਦੇ ਹਨ ਕਿ ਉਹ ਪ੍ਰਭੂ ਦਾ ਸਾਧੂ ਮੇਰੇ ਮਨ ਦਾ ਪ੍ਰੀਤਮ ਹੈ। ਮੇਰੀ ਇਤਨੀ ਪ੍ਰੀਤ ਲਗ ਗਈ ਹੈ, ਮੈਂ ਉਸ ਦੇ ਦਰਸ਼ਨਾਂ ਬਿਨਾਂ ਰਹਿ ਨਹੀਂ ਸਕਦੀ, ਜਿਵੇਂ

ਜਲ ਦੇ ਵਿਚ ਰਹਿੰਦੀ ਮਛੀ ਨੂੰ ਜਲ ਨਾਲ ਪ੍ਰੀਤ ਹੁੰਦੀ ਹੈ, ਇਕ ਖਿੰਨ ਵੀ ਜਲ ਤੋਂ ਬਿਨਾਂ ਉਹ ਫੁਟ ਮਰਦੀ ਹੈ - 'ਸਾਧੂ ਸਾਧ ਸਾਧ ਮਨਿ ਪ੍ਰੀਤਮ ਬਿਨੁ ਦੇਖੇ ਰਹਿ ਨ ਸਕੀਜੈ॥ ਜਿਉ ਜਲ ਮੀਨ ਜਲੰ ਜਲ ਪ੍ਰੀਤਿ ਹੈ ਖਿੰਨੁ ਜਲ ਬਿਨੁ ਫੂਟਿ ਮਰੀਜੈ॥' ਪੰਜਵੇਂ ਪਾਤਸ਼ਾਹ ਵੀ ਸਾਧੂ ਗੁਰੂ ਦੇ ਨਾਲ ਗੂੜ੍ਹੀ ਪ੍ਰੀਤ ਲਗੀ ਦਾ ਬਿਆਨ ਕਰਦੇ ਹਨ ਕਿ ਉਸ ਦੇ ਦਰਸ਼ਨਾਂ ਤੋਂ ਬਿਨਾਂ ਮੇਰੀ ਤਾਂ ਪਿਆਸ ਹੀ ਨਹੀਂ ਬੁਝਦੀ, ਸ਼ਾਂਤੀ ਨਹੀਂ ਮਿਲਦੀ - 'ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥', ਅੰਕ ੯੬.

**ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ॥**
**ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ॥੧॥**

-- **ਉਨ੍ਹਾਂ ਸੰਤਾਂ ਦੀ ਸੰਗਤਿ ਕਰਨ ਨਾਲ ਮੈਨੂੰ ਪ੍ਰਭੂ ਚਿਤ ਆਉਂਦਾ ਹੈ ਅਤੇ ਉਨ੍ਹਾਂ ਦੀ ਕਿਰਪਾ ਸਦਕਾ ਹੀ ਮੈਨੂੰ, ਮੋਹ ਮਾਇਆ ਦੀ ਨੀਂਦਰ ਵਿਚ, ਸੁਤੀ ਪਈ ਨੂੰ ਜਾਗ ਆ ਗਈ ਹੈ ਕਿ ਮੈਂ ਕਿਸ ਕੰਮ ਲਈ ਜਨਮ ਲਿਆ ਹੈ।**

ਪੰਜਵੇਂ ਪਾਤਸ਼ਾਹ ਦੇ, ਸੁਖਮਨੀ ਸਾਹਿਬ ਵਿਚ ਬਚਨ ਹਨ ਕਿ ਸਾਧੂ ਦੀ ਸੰਗਤਿ ਵਿਚ ਹਰ ਵੇਲੇ ਪ੍ਰਭੂ ਦਾ ਨਾਮ ਹੀ ਸੁਣਨ ਨੂੰ ਮਿਲਦਾ ਹੈ ਅਤੇ ਮਨੁਖ ਆਪ ਵੀ ਹਰੀ ਦੇ ਗੁਣਾਂ ਦੇ ਗਾਇਨ, ਸਿਮਰਣ ਤੇ ਲਗ ਜਾਂਦਾ ਹੈ - 'ਸਾਧ ਕੈ ਸੰਗਿ ਸੁਨਉ ਹਰਿ ਨਾਉ॥ ਸਾਧ ਸੰਗਿ ਹਰਿ ਕੇ ਗੁਨ ਗਾਉ॥'

ਮਨੁਖ, ਮਾਇਆ ਦੀ ਨੀਂਦਰ ਸੁਤਾ ਰਹਿੰਦਾ ਹੈ। ਸਾਧੂ ਦੇ ਹਲੂਣਾ ਦਿਤੇ ਬਿਨਾਂ ਮਨੁਖ ਨੂੰ ਇਸ ਨੀਂਦਰ ਤੋਂ ਜਾਗ ਨਹੀਂ ਆਉਂਦੀ ਅਤੇ ਇਹ ਸੋਝੀ ਨਹੀਂ ਪੈਂਦੀ ਕਿ ਉਹ, ਇਸ ਦੁਨੀਆਂ ਤੇ ਕਿਸ ਕੰਮ ਆਇਆ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ 'ਥਿੰਤੀ' ਵਿਚ ਦਸਿਆ ਹੈ ਕਿ ਮੇਰੇ ਮਨ ਤੇ ਗੋਬਿੰਦ ਦੇ ਨਾਮ ਦਾ ਰੰਗ ਲਗ ਗਿਆ ਹੈ, ਸਾਧੂ ਦੀ ਕਿਰਪਾ ਨਾਲ ਮੇਰਾ ਮਨ ਵਾਹਗੁਰੂ ਦੀ ਦਿਨ ਰਾਤ ਸਿਫ਼ਤ ਸਲਾਹ ਲਈ ਜਾਗ ਪਿਆ ਹੈ, ਚੇਤੰਨ ਹੋ ਕੇ ਦਿਨ ਰਾਤ ਨਾਮ ਜਪਣ ਲਗ ਪਿਆ ਹੈ, ਜਿਸ ਨਾਲ ਮੇਰੇ ਮਨ ਦੀ ਮੈਲ ਲਹਿ ਗਈ ਹੈ - 'ਚਰਨ ਕਮਲ ਗੋਬਿੰਦ ਰੰਗੁ ਲਾਗਾ॥ ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ॥' ਅੰਕ ੩੪੩.

-- **ਉਨ੍ਹਾਂ ਦਾ ਉਪਦੇਸ਼ ਸੁਣ ਕੇ ਮਨ ਨਿਰਮਲ ਹੋ ਗਿਆ ਹੈ ਅਤੇ ਮੇਰਾ ਮਨ ਪ੍ਰਭੂ ਦੇ ਨਾਮ ਰੰਗ ਵਿਚ ਰੰਗੀਜ ਕੇ, ਭਿਜ ਕੇ, ਪ੍ਰਭੂ ਦੇ ਗੁਣਾਂ ਦਾ ਸਿਮਰਣ ਕਰਨ ਲਗ ਪਿਆ ਹੈ।੧।**

ਪਾਤਸ਼ਾਹ ਦਾ ਉਪਦੇਸ਼ ਹੈ ਕਿ ਸੰਤ ਜਨਾਂ ਦੇ ਚਰਣਾਂ ਦੀ ਧੂੜ ਨਾਲ ਹੀ ਮਨ ਨਿਰਮਲ ਹੋ ਜਾਂਦਾ ਹੈ - 'ਮਨੁ ਨਿਰਮਲੁ ਹੋਇ ਸੰਤਾ ਧੂਰੇ॥', ਅੰਕ ੫੬੩. ਫ਼ਿਰ, ਅੰਕ ੮੯੨ ਤੇ, ਸਾਫ਼ ਸ਼ਬਦਾਂ ਵਿਚ ਦਸਿਆ ਹੈ ਕਿ ਆਮ ਮਨੁਖ ਦੀ ਨਾਮ ਵਿਚ ਰੁਚੀ ਨਹੀਂ ਲਗਦੀ, ਦੀਦਾ ਨਹੀਂ ਲਗਦਾ। ਸਾਧੂ ਦੀ ਸੰਗਤਿ ਹੋਣ ਨਾਲ ਹੀ ਇਸ ਪਾਸੇ ਰੁਚੀ ਪੈਦਾ ਹੁੰਦੀ ਹੈ ਅਤੇ ਉਸਦੀ ਕਿਰਪਾ ਨਾਲ ਨਾਮ ਦਾ ਰੰਗ ਚੜ੍ਹ ਜਾਂਦਾ ਹੈ - 'ਗਈ ਗਿਲਾਨਿ ਸਾਧ ਕੈ ਸੰਗਿ॥ ਮਨੁ ਤਨੁ ਰਾਤੋ ਹਰਿ ਕੈ ਰੰਗਿ॥' ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਪਾਰਬ੍ਰਹਮ ਦੀ ਕਿਰਪਾ ਨਾਲ ਸਾਧੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ ਅਤੇ ਜਿਉਂ ਜਿਉਂ ਉਹ ਸੰਗਤਿ ਵਧਾਂਦੇ ਜਾਈਏ, ਹਰੀ ਦੇ ਨਾਮ ਦਾ, ਸਿਮਰਨ ਦਾ ਰੰਗ ਵਧਦਾ ਜਾਂਦਾ ਹੈ - 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ

ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥', ਅੰਕ ੭੧. ਅੰਗ੍ਰੇਜ਼ੀ ਵਿਚ ਇਸ ਨੂੰ 'ਸਿਧਾ ਅਨੁਪਾਤਕ' ਜਾਂ 'directly proprtional to' ਦਾ ਸਿਧਾਂਤ ਕਹਿੰਦੇ ਹਨ।

**ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ ਭਏ ਬਡਭਾਗੀ॥**
**ਮਹਾ ਸੁਖੁ ਪਾਇਆ ਬਰਨਿ ਨ ਸਾਕਉ ਰੇਨੁ ਨਾਨਕ ਜਨ ਪਾਗੀ॥੨॥੧॥**

**– – ਪਰ ਇਹ ਕੰਮ ਇਤਨਾ ਸੌਖਾ ਨਹੀਂ ਹੋਇਆ, ਮੈਂ ਆਪਣਾ ਮਨ ਦੇ ਕੇ ਉਸ ਸੰਤ, ਮਹਾਂਪੁਰਖ ਨੂੰ ਆਪਣਾ ਮਿਤਰ ਬਣਾਇਆ ਹੈ, ਤਾਂ ਕਿਤੇ, ਵਡੇ ਭਾਗਾਂ ਨਾਲ, ਉਹ ਮੇਰੇ ਤੇ, ਕਿਰਪਾਲ ਹੋਏ ਹਨ, ਕਿਰਪਾ ਦੇ ਘਰ ਵਿਚ ਆਏ ਹਨ।**

ਗੁਰੂ ਸਾਹਿਬ ਦਾ ਫ਼ੁਰਮਾਣ ਹੈ ਕਿ ਸੰਤ ਹੀ ਮੇਰੇ ਸਾਜਨ ਅਤੇ ਮੀਤ ਹਨ। ਉਨ੍ਹਾਂ ਕਰਕੇ ਇਹ ਨਾਮ ਪ੍ਰਾਪਤ ਹੋਇਆ ਹੈ, 'ਹਰਿ ਹਰਿ'.. ਵਾਹਗੁਰੂ ਵਾਹਗੁਰੂ.. ਨਾਮ ਜਪੇ ਬਿਨਾਂ ਬਾਕੀ ਸਭ ਨਾਸਵੰਤ ਹੈ। ਉਸੇ ਸੰਤ ਮੀਤ ਨੂੰ ਮਿਲ ਕੇ ਵਾਹਗੁਰੂ ਦਾ ਸਿਮਰਨ ਕਰਨ ਨਾਲ ਇਹ ਕੀਮਤੀ ਮਨੁਖਾ ਜਨਮ ਜਿਤ ਲਿਆ ਹੈ – 'ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ॥ ਸਾਧ ਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ॥', ਅੰਕ ੪੦੪.

ਸੁਖਮਨੀ ਸਾਹਿਬ ਵਿਚ ਪਾਤਸ਼ਾਹ, ਆਪਣੇ ਮਨ ਨੂੰ ਉਪਦੇਸ਼ ਕਰਦੇ ਹਨ ਕਿ ਜਿਸ ਭਗਤ ਜਨ ਨੇ ਆਪਣੇ ਪ੍ਰਭੂ ਨੂੰ ਪਛਾਣਿਆ ਹੈ, ਉਹ ਸਭ ਵਸਤਾਂ ਦਾ ਥੋਕ ਦਾ ਦਾਤਾ ਬਣ ਜਾਂਦਾ ਹੈ। ਅਜਿਹੇ ਜਨ ਨੂੰ ਆਪਣਾ ਮਨ, ਤਨ ਦੇ ਕੇ ਉਸ ਦੀ ਓਟ ਲੈਣੀ ਚਾਹੀਦੀ ਹੈ, ਉਸ ਭਗਤ ਜਨ ਦੀ ਸ਼ਰਣ ਲੈਣ ਨਾਲ ਸਭ ਤਰ੍ਹਾਂ ਦੇ ਸੁਖ ਪ੍ਰਾਪਤ ਹੋ ਜਾਂਦੇ ਹਨ ਅਤੇ ਉਸ ਦੇ ਦਰਸ਼ਨਾਂ ਨਾਲ ਸਭ, ਕੀਤੇ ਹੋਏ ਪਾਪ ਵੀ ਮਿਟ ਜਾਂਦੇ ਹਨ – 'ਮਨ ਮੇਰੇ **ਤਿਨ** ਕੀ ਓਟ ਲੇਹਿ॥ ਮਨੁ ਤਨੁ ਅਪਨਾ **ਤਿਨ ਜਨ** ਦੇਹਿ॥ ਜਿਨਿ **ਜਨਿ** ਅਪਨਾ ਪ੍ਰਭੂ ਪਛਾਤਾ॥ **ਸੋ ਜਨੁ** ਸਰਬ ਥੋਕ ਕਾ ਦਾਤਾ॥ ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵੈ॥'

ਭਗਤ ਕਬੀਰ ਜੀ ਦੇ, ਅੰਕ ੩੨੭ ਤੇ ਬਚਨ ਹਨ ਕਿ ਪ੍ਰਭੂ ਅਤੇ ਉਸ ਦੇ ਮਹਾਂਪੁਰਖਾਂ ਨੂੰ ਆਪਣਾ ਬਣਾਉਣ ਲਈ ਸੋਨਾ ਆਦਿ ਧਨ ਪਦਾਰਥ ਪੂਰੀ ਨਹੀਂ ਪਾ ਸਕਦੇ, ਉਹ ਤਾਂ ਮਨ ਦੇਣ ਨਾਲ ਮਿਲਦੇ ਹਨ – 'ਕੰਚਨ ਸਿਉ ਪਾਈਐ ਨਹੀ ਤੋਲਿ॥ **ਮਨੁ** ਦੇ ਰਾਮੁ ਲੀਆ ਹੈ ਮੋਲਿ॥' ਦੁਰਜੋਧਨ ਨੇ ਸ੍ਰੀ ਕ੍ਰਿਸ਼ਨ ਜੀ ਨੂੰ, ਉਸ ਦੇ ਮਹਿਲਾਂ ਦਾ ਸੁਖ ਅਰਾਮ ਛਡ ਕੇ, ਗਰੀਬ ਗੋਲੇ, ਬਿਦਰ ਦੇ ਘਰ ਰਹਿਣ ਤੇ ਰੁਖਾ ਬੋਲਿਆ ਤਾਂ ਨਾਰਾਇਣ, ਭਗਵਾਨ ਜੀ, ਸ੍ਰੀ ਕ੍ਰਿਸ਼ਨ ਜੀ ਨੇ ਹੱਸ ਕੇ ਕਿਹਾ ਕਿ ਸਾਨੂੰ ਤੇਰੇ ਨਾਲ ਕੋਈ ਗਰਜ਼ ਨਹੀਂ ਅਤੇ ਤੇਰੇ ਅੰਦਰ ਸਾਡੇ ਲਈ ਪ੍ਰੇਮ ਨਹੀਂ, ਜੋ ਬਿਦਰ ਦੇ ਮਨ ਵਿਚ ਹੈ। ਭਾਈ ਗੁਰਦਾਸ ਜੀ ਦੇ ਲਫ਼ਜ਼ਾਂ ਵਿਚ ਗੋਬਿੰਦ ਤਾਂ ਪ੍ਰੇਮ ਭਗਤੀ ਦਾ ਭੁਖਾ ਹੁੰਦਾ ਹੈ – 'ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥ ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ॥..ਗੋਬਿੰਦ ਭਾਉ ਭਗਤ ਦਾ ਭੁਖਾ॥', ਵਾਰ ੧੦:੭. ਭਗਤੀ ਦਾ ਇਤਿਹਾਸ ਗਵਾਹ ਹੈ ਕਿ ਜਿਸ ਜਿਸ ਨੇ ਵੀ ਵਕਤ ਦੇ ਮਹਾਤਮਾ ਨੂੰ ਮਨ ਸੌਂਪਿਆ ਹੈ, ਪ੍ਰਭੂ ਉਸੇ ਨੂੰ ਮਿਲਿਆ ਹੈ।

**– – ਸਾਧੂ ਦੇ ਕਿਰਪਾਲ ਹੋਣ ਕਰਕੇ ਮੈਨੂੰ, ਇਤਨਾ ਵਡਾ ਸੁਖ ਪ੍ਰਾਪਤ ਹੋਇਆ ਹੈ ਕਿ ਮੈਂ ਬਿਆਨ ਨਹੀਂ ਕਰ ਸਕਦੀ। ਮੈਨੂੰ ਉਨ੍ਹਾਂ ਦੇ ਚਰਣਾਂ ਦੀ ਰੇਣ, ਧੂੜ, ਖਾਕ ਮਿਲ ਗਈ ਹੈ।**

ਮਹਾਰਾਜ ਉਪਦੇਸ਼ ਕਰਦੇ ਹਨ ਕਿ ਸੰਤ ਜਨਾਂ ਦੇ ਚਰਣਾਂ ਦੀ ਕਿਰਪਾ ਭਰੀ ਖਾਕ ਜਦੋਂ ਮੁਖ ਤੇ

ਲਗ ਜਾਏ ਤਾਂ ਮੋਹ ਮਾਇਆ ਆਦਿ ਦੇ ਲਗਾਉ ਦੀ ਮਾੜੀ ਮਤ ਦਾ ਨਾਸ ਹੋ ਜਾਂਦਾ ਹੈ, ਵਾਹਗੁਰੂ ਦੇ ਖੰਡ ਵਿਚ ਪੁਜ ਕੇ ਮਨੁਖ ਦਾ ਸਿਮਰਣ ਚਲ ਪੈਂਦਾ ਹੈ ਅਤੇ ਸਭ ਕੂੜ ਕਬਾੜ, ਨਾਸ-ਮਾਨਤਾ ਮੁਕ ਜਾਂਦੇ ਹਨ - 'ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ॥ ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ॥', ਅੰਕ ੧੦੦. ਹੋਰ ਫ਼ੁਰਮਾਣ ਕਰਦੇ ਹਨ ਕਿ ਜਦੋਂ ਦੇ ਸਾਧੂ ਦੇ ਦਰਸ਼ਨ ਅਤੇ ਭੇਟਣਾ ਹੋਇਆ ਹੈ ਤਦ ਦੇ, ਦਿਨ ਭਲੇ ਬਣ ਗਏ ਹਨ। ਮਹਾਂ ਅਨੰਦ ਬਣ ਗਿਆ ਹੈ ਕਿਉਂਕਿ ਪੁਰਖ ਬਿਧਾਤਾ ਪਾ ਲਿਆ ਹੈ ਅਤੇ ਸਦਾ ਲਈ ਸਿਮਰਣ ਦਾ ਚਸ਼ਮਾ ਫੁਟ ਪਿਆ ਹੈ, ਰਾਮ ਨਾਮ ਦਾ ਰੰਗ ਲਗ ਗਿਆ ਹੈ - 'ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥ ਅਬ ਮੋਹਿ ਰਾਮ ਜਸੋ ਮਨਿ ਗਾਇਓ॥ ਭਇਓ ਪ੍ਰਗਾਸੁ ਸਦਾ ਸੁਖੁ ਮਨਿ ਮਹਿ ਸਤਿਗੁਰੁ ਪੂਰਾ ਪਾਇਓ॥..........' ਪੰਚਮ ਪਾਤਸ਼ਾਹ ਦੇ, ਅੰਕ ੬੭੧ ਤੇ ਸੁਭਾਇਮਾਨ ਇਸ ਸਾਰੇ ਸ਼ਬਦ ਵਿਚ ਸਾਧੂ ਨਾਲ ਮਿਲਣ ਦੀ ਅਕਹਿ ਵਿਸਮਾਦਕ ਅਵੱਸਥਾ ਸਮਝਾਈ ਗਈ ਹੈ।

ਸੋ ਇਸ ਸਾਰੇ ਸ਼ਬਦ ਵਿਚ ਪ੍ਰਭੂ ਪ੍ਰਾਪਤ ਭਗਤ ਜਨਾਂ ਦੀ ਵਡਿਆਈ ਅਤੇ ਪ੍ਰਭੂ ਕਿਰਪਾ ਦੁਆਰਾ ਪ੍ਰਾਪਤ, ਉਨ੍ਹਾਂ ਦੀ ਸੰਗਤਿ ਅਤੇ ਚਰਨਾਂ ਦੀ ਧੂੜ ਦੀ ਅਥਾਹ ਮਹੱਤਤਾ ਦਾ ਬਿਆਨ ਕੀਤਾ ਗਿਆ ਹੈ।

